# ਬੀ ਸੀ ਵਿੱਚ ਖੇਤ ਕਾਮਿਆਂ ਦੇ ਹੱਕ ਅਤੇ ਜ਼ਿੰਮੇਵਾਰੀਆਂ

(ਸੇਫਟੀ ਹਾਰਵੈਸਟ ਕੋਏਲੀਸ਼ਨ (Safe Harvest Coalition) ਵੱਲੋਂ 2006 ਵਿੱਚ ਵਿਕਸਤ ਕੀਤਾ ਗਿਆ ਅਤੇ ਪੈਂਟਿਕਟਨ ਐਂਡ ਏਰੀਆ ਵੋਮੈਨਜ਼ ਸੈਂਟਰ (Penticton & Area Women's Centre) ਵੱਲੋਂ 2009 ਵਿੱਚ ਨਵਿਆਇਆ ਗਿਆ)

**ਬੀ ਸੀ ਵਿੱਚ ਖੇਤ ਕਾਮਿਆਂ ਦੇ ਰੱਖਿਆ ਕਾਨੂੰਨ ਦਾ ਇੱਕ ਸਾਰਾਂਸ਼ ਹੇਠ ਦਿੱਤਾ ਗਿਆ ਹੈ:**

**ਪੂਰੀ ਜਾਣਕਾਰੀ ਵਾਸਤੇ ਵੈੱਬਸਾਈਟਾਂ ਦੇਖੋ ਜਾਂ ਫੋਨ ਨੰਬਰ ਵਰਤੋ**

**ਵੇਤਨ ਦੀਆਂ ਸ਼ਰਤਾਂ ਵਾਸਤੇ, ਐਂਪਲਾਇਮੈਂਟ ਸਟੈਂਡਰਡਜ਼ ਦੀ ਸ਼ਰਤ ਹੈ ਕਿ:**

- ਖੇਤ ਕਾਮਿਆਂ ਨੂੰ ਘੱਟ ਤੋਂ ਘੱਟ ਪੀਸ ਰੇਟ ਜਾਂ ਘੱਟ ਤੋਂ ਘੱਟ ਵੇਤਨ (8 ਡਾਲਰ/ਘੰਟਾ) ਦੀ ਅਦਾਇਗੀ ਕੀਤੀ ਜਾਵੇ ਜੋ ਸੂਬਾਈ ਸਰਕਾਰ ਵੱਲੋਂ ਪੀਸ ਰੇਟ ਨਿਯਤ ਨਹੀਂ ਕੀਤਾ ਗਿਆ ਹੈ: ਚੈਰੀਆਂ ਵਾਸਤੇ ਪੀਸ ਰੇਟ 2.05/10 ਪੌਂਡ ਬਾਲਟੀ, ਅੰਗੂਰਾਂ ਅਤੇ ਆੜੂਆਂ ਵਾਸਤੇ 16.58 ਡਾਲਰ/1/2 ਬਿਨ, ਸੇਬਾਂ ਵਾਸਤੇ 15.60 ਡਾਲਰ/ਬਿਨ।

  http://www.labour.gov.bc.ca/esb/facshts/farm_worker.htm
- ਖੇਤ ਕਾਮਿਆਂ ਨੂੰ ਹਰ ਮਹੀਨੇ ਘੱਟ ਤੋਂ ਘੱਟ ਦੋ ਵਾਰੀ ਅਦਾਇਗੀ ਜ਼ਰੂਰੀ ਕੀਤੀ ਜਾਵੇ।
- ਪੂਰੀ ਪੀਸ ਰੇਟ ਸੂਚੀ ਵਾਸਤੇ, ਅਤੇ ਜ਼ਿਆਦਾ ਜਾਣਕਾਰੀ ਵਾਸਤੇ ਐਂਪਲਾਇਮੈਂਟ ਸਟੈਂਡਰਡਜ਼ 'ਤੇ ਜਾਓ:

  http://www.labour.gov.bc.ca/agriculture/welcome.htm or call 1-800-663-3316

**ਸੁਰੱਖਿਆ, ਸਿਖਲਾਈ, ਅਤੇ ਕੰਮ ਸ਼ਰਤਾਂ ਦੇ ਸਬੰਧ ਵਿੱਚ ਵਰਕਸੇਫਬੀਸੀ (WorkSafeBC) ਦੀ ਸ਼ਰਤ ਹੈ ਕਿ:**

- ਸਾਰੇ ਕਾਮੇ ਵਰਕਸੇਫ ਬੀਸੀ ਇੰਸ਼ੋਰੈਂਸ ਹੇਠ ਆਉਂਦੇ ਹੋਣ ਜੇ ਉਨ੍ਹਾਂ ਨੂੰ ਕੰਮ 'ਤੇ ਸੱਟ ਲੱਗ ਜਾਂਦੀ ਹੈ। ਮਾਲਕ ਵਰਕਸੇਫ ਬੀ ਸੀ ਨਾਲ ਰਜਿਸਟਰ ਹੋਣੇ ਚਾਹੀਦੇ ਹਨ।
- ਖੇਤ ਕਾਮੇ ਸਿਹਤ ਅਤੇ ਸੁਰੱਖਿਆ ਲਈ ਨੁਕਸਾਨਦੇਹ ਹੋਣ ਵਾਲੇ ਹੱਦੋਂ ਵੱਧ ਘੰਟੇ ਕੰਮ ਨਾ ਕਰਨ।
- ਕੰਮਥਾਂ ਦੀ ਸੱਟਾਂ ਤੋਂ ਬਚਾ ਲਈ ਖੇਤ ਕਾਮਿਆਂ ਨੇ ਉਚਿਤ ਸਿਖਲਾਈ ਪੂਰੀ ਕੀਤੀ ਹੋਵੇ (ਭਾਵ, ਪੌੜੀ ਦੀ ਵਰਤੋਂ, ਭਾਰੀ ਚੀਜ਼ਾਂ ਦਾ ਚੁੱਕਣਾ, ਕੀੜੇਮਾਰ ਦਵਾਈ ਸੁਰੱਖਿਆ, ਮਸ਼ੀਨਰੀ ਨੂੰ ਚਲਾਉਣਾ)।
- ਖੇਤ ਕਾਮਿਆਂ ਨੂੰ ਕੀੜੇਮਾਰ ਦਵਾਈਆਂ ਵਿੱਚ ਅਰੱਖਿਅਤ ਨਾ ਛੱਡਿਆ ਜਾਵੇ।
- ਖੇਤ ਕਾਮਿਆਂ ਦੀਆਂ ਢੁਕਵੀਂਆਂ ਧੋਣ ਸਹੂਲਤਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ ਜੇ ਉਨ੍ਹਾਂ ਨੇ ਕਿਸੇ ਖੇਤ ਵਿੱਚ ਕੰਮ ਕੀਤਾ ਹੋਵੇ ਜਿੱਥੇ ਕੀੜੇਮਾਰ ਦਵਾਈਆਂ ਦਾ ਛਿੜਕਾ ਕੀਤਾ ਗਿਆ ਹੋਇਆ ਹੈ (ਉਸ ਦੇ "ਸੁਰੱਖਿਅਤ" ਹੋ ਜਾਣ ਤੋਂ ਬਾਅਦ)
- ਮਲਕੀਅਤਾਂ 'ਤੇ ਰਹਿੰਦੇ ਖੇਤ ਕਾਮਿਆਂ ਲਈ ਸ਼ਾਵਰ ਅਤੇ ਕਪੜੇ ਧੁਲਾਈ ਦੀਆਂ ਸਹੂਲਤਾਂ ਤੱਕ ਪਹੁੰਚ ਹੋਵੇ।
- ਨਿਰਜਲੀਕਰਨ ਤੋਂ ਬਚਣ ਲਈ ਖੇਤ ਕਾਮਿਆਂ ਕੋਲ ਸਾਫ ਪੀਣ ਵਾਲੇ ਪਾਣੀ ਤੱਕ ਪਹੁੰਚ ਹੋਵੇ।
- ਅਸੁਰੱਖਿਅਤ ਕੰਮ ਕਰਨ ਤੋਂ ਇਨਕਾਰ ਕਰਨ ਦਾ ਖੇਤ ਕਾਮਿਆਂ ਨੂੰ ਹੱਕ ਹੈ ਅਤੇ ਉਨ੍ਹਾਂ ਨੂੰ ਵਰਕਸੇਫ ਬੀ ਸੀ ਨੂੰ ਰਿਪੋਰਟ ਕਰਨ ਲਈ ਕਿਹਾ ਜਾਂਦਾ ਹੈ।

**ਭਾਵੇਂ ਤੁਸੀਂ ਆਪਣੇ ਮਾਲਕ ਨੂੰ ਸੋਸ਼ਲ ਇਨਸ਼ੋਰੈਂਸ ਨੰਬਰ ਦਿੱਤਾ ਹੈ ਜਾਂ ਨਹੀਂ, ਤੁਸੀਂ ਇਨ੍ਹਾਂ ਸਭ ਸੁਰੱਖਿਆ ਕਾਨੂੰਨਾਂ ਦੇ ਹੱਕਦਾਰ ਹੋ।**

ਭਾਵੇਂ ਤੁਹਾਨੂੰ ਕੇਵਲ ਦੋ ਮਿੰਟਾਂ ਵਾਸਤੇ ਕੰਮ 'ਤੇ ਲਾਇਆ ਗਿਆ ਹੈ, ਤੁਹਾਡਾ ਮਾਲਕ ਤੁਹਾਡੀ ਸੁਰੱਖਿਆ ਵਾਸਤੇ ਜ਼ਿੰਮੇਵਾਰ ਹੁੰਦਾ ਹੈ। ਡਬਲਯੂ ਐੱਸ ਬੀ ਸੀ (WSBC) ਬੇਨਤੀ ਕਰਦਾ ਹੈ ਕਿ ਸਾਰੇ ਅਸੁਰੱਖਿਅਤ ਹਾਲਾਤਾਂ ਦੀ ਰਿਪੋਰਟ ਕੀਤੀ ਜਾਵੇ। ਵਰਕਸੇਫ ਬੀ ਸੀ ਦੀ ਤੁਹਾਡੇ ਸਿਨ (SIN) ਵਿੱਚ ਦਿਲਚਸਪੀ ਨਹੀਂ ਹੈ; ਇਹ ਇੱਕ ਕਨੇਡਾ ਰਿਵੀਨਿਊ ਇਜੰਸੀ ਦਾ ਮਾਮਲਾ ਹੈ। ਵਰਕਸੇਫ ਬੀ ਸੀ ਬੇਨਤੀ ਕਰਦਾ ਹੈ ਕਿ ਸਾਰੀਆਂ ਅਸੁਰੱਖਿਅਤ ਕੰਮ ਕਰਨ ਦੇ ਹਾਲਾਤਾਂ ਦੀ ਰਿਪੋਰਟ ਕੀਤੀ ਜਾਵੇ। ਇਸ ਦਾ ਕਨੇਡਾ ਰੈਵੀਨਿਊ ਇਜੰਸੀ (ਟੈਕਸਾਂ) ਜਾਂ ਐਂਪਲਾਇਮੈਂਟ ਸਟੈਂਡਰਡਜ਼ ਨਾਲ ਕੋਈ ਵਾਸਤਾ ਨਹੀਂ ਹੈ। ਰਜਿਸਟਰਡ ਜਾਂ ਅਨਰਜਿਸਟਰਡ ਕਾਮੇ ਉਨ੍ਹਾਂ ਹੀ ਸੁਰੱਖਿਅਤ ਹਾਲਾਤਾਂ ਦੇ ਹੱਕਦਾਰ ਹਨ। ਇਹ ਤੁਹਾਡੇ ਮਾਲਕ ਦੀ ਜ਼ਿੰਮਵਾਰੀ ਹੈ ਕਿ ਉਹ ਵਰਕਸੇਫ ਬੀ ਸੀ ਨਾਲ ਰਜਿਸਟਰ ਹੋਵੇ। ਜੇ ਕਿਸੇ ਕਾਮੇ ਨੂੰ ਕੰਮ 'ਤੇ ਸੱਟ ਲੱਗ ਜਾਂਦੀ ਹੈ, ਅਤੇ ਮਾਲਕ ਵਰਕਸੇਫ ਬੀ ਸੀ ਨਾਲ ਰਜਿਸਟਰਡ ਨਹੀਂ ਹੈ, ਫਿਰ ਮਾਲਕ ***ਨਿੱਜੀ*** ਤੌਰ ਤੇ ਜ਼ਿੰਮੇਵਾਰ ਹੈ। ਜੇ ਮਾਲਕ ਵਰਕਸੇਫ ਬੀ ਸੀ ਨਾਲ ਰਜਿਸਟਰਡ ਹੈ, ਤਾਂ ਫਿਰ ਉਨ੍ਹਾਂ ਦਾ ਬੀਮਾ ਹੈ ਅਤੇ ਉਨ੍ਹਾਂ ਦੇ ਸਾਰੇ ਕਾਮੇ ਵਰਕਰਜ਼ ਮੁਆਵਜ਼ੇ ਦੇ ਹੱਕਦਾਰ ਹਨ। ਕੰਮਥਾਂ ਸੁਰੱਖਿਆ ਅਤੇ ਸਿਹਤ ਬਾਰੇ ਜ਼ਿਆਦਾ ਜਾਣਕਾਰੀ ਵਾਸਤੇ, ਜਾਂ ਸੰਕਟਮਈ ਅਤੇ ਦੁਰਘਟਨਾਵਾਂ ਦੀ ਸੂਚਨਾ ਦੇਣ ਲਈ ਵਧੇਰੇ ਜਾਣਕਾਰੀ ਵਾਸਤੇ ਵੇਖੋ www.worksafebc.com ਜਾਂ 1-888-621-7233 'ਤੇ ਕਾਲ ਕਰੋ।

ਪਰੇਸ਼ਾਨ ਕਰਨ ਅਤੇ ਵਿਤਕਰੇ ਸਬੰਧੀ, ਬੀ ਸੀ ਹਿਊਮਨ ਰਾਈਟਸ ਕੋਏਲੀਸ਼ਨ ਦੀ ਸ਼ਰਤ ਹੈ ਕਿ:

- ਖੇਤ ਕਾਮਿਆਂ ਨਾਲ ਆਦਰ ਅਤੇ ਸਤਿਕਾਰ ਨਾਲ ਵਿਹਾਰ ਕੀਤਾ ਜਾਵੇ, ਜਿਵੇਂ ਬੀ ਸੀ ਵਿੱਚ ਦੂਸਰੇ ਕਾਮਿਆਂ ਨਾਲ ਕੀਤਾ ਜਾਦਾ ਹੈ।
- ਸਾਰੇ ਕਾਮਿਆਂ ਨੂੰ ਕੰਮ 'ਤੇ ਅਣਚਾਹਤ ਜਿਨਸੀ ਪੇਸ਼ਕਦਮੀਆਂ, ਜਾਂ ਅਣਚਾਹਤ ਸ਼ਬਦੀ ਜਾਂ ਜਿਨਸੀ ਕਿਸਮ ਦੇ ਜਿਸਮਾਨੀ ਵਿਹਾਰਾਂ ਤੋਂ ਸੁਰੱਖਿਅਤ ਕੀਤਾ ਜਾਵੇ।
- ਖੇਤ ਕਾਮਿਆਂ ਨੂੰ ਉਮਰ, ਲਿੰਗ, ਨਸਲ ਜਾਂ ਦੂਸਰੇ ਰੱਖਿਅਤ ਆਧਾਰ 'ਤੇ ਕੰਮ, ਤਰੱਕੀ, ਜਾਂ ਕੱਢਿਆ ਜਾ ਵੱਖਰੇ ਹਾਲਾਤਾਂ ਵਿੱਚ ਕੰਮ ਕਰਨ ਤੋਂ ਇਨਕਾਰ ਨਾ ਕੀਤਾ ਜਾਵੇ। (ਪੂਰੀ ਜਾਣਕਾਰੀ ਵਾਸਤੇ ਹੇਠ ਦਿੱਤੀ ਵੈੱਬ ਸਾਈਟ ਦੀ ਪੂਰੀ ਸੂਚੀ ਵੇਖੋ)
- ਪਰੇਸ਼ਾਨ ਅਤੇ ਵਿਤਕਰਾ ਕਰਨ ਦੀਆਂ ਕਾਰਵਾਈਆਂ ਲਈ ਮਾਲਕ ਦੇਣਦਾਰ ਹੁੰਦਾ ਹੈ ਜਿਹੜੀਆਂ ਕੰਮਥਾਂ 'ਤੇ ਵਾਪਰਦੀਆਂ ਹਨ, ਭਾਵੇਂ ਉਹ ਇਨ੍ਹਾਂ ਬਾਰੇ ਜਾਣੂ ਨਾ ਵੀ ਹੋਵੇ। ਮਾਲਕ ਨੂੰ 20,000 ਡਾਲਰ ਜਾਂ ਜ਼ਿਆਦਾ ਦਾ ਜੁਰਮਾਨਾ ਹੋ ਸਕਦਾ ਹੈ।
- ਵਧੇਰੇ ਜਾਣਕਾਰੀ ਵਾਸਤੇ www.bchrcoalition.org ਵੇਖੋ ਜਾਂ 1-877-689-8474 'ਤੇ ਕਾਲ ਕਰੋ

ਜੇ ਤੁਸੀਂ ਇੱਕ ਮਾਲਕ ਲਈ ਸਾਲ ਵਿੱਚ 25 ਜਾਂ ਜ਼ਿਆਦਾ ਦਿਨ ਕੰਮ ਕੀਤਾ ਹੈ, ਤੁਹਾਡੇ ਮਾਲਕ ਨੂੰ ਤੁਹਾਡੇ ਵੇਤਨ 'ਚੋਂ ਸੀ ਪੀ ਪੀ (CPP) ਜ਼ਰੂਰ ਕੱਟਣੀ ਚਾਹੀਦੀ ਹੈ। ਜੇ ਤਸੀਂ ਇੱਕ ਮਾਲਕ ਲਈ 7 ਜਾਂ ਜ਼ਿਆਦਾ ਦਿਨ ਕੰਮ ਕੀਤਾ ਹੈ, ਤੁਹਾਡੇ ਮਾਲਕ ਨੂੰ ਤੁਹਾਡੇ ਵੇਤਨ 'ਚੋਂ ਈ ਆਈ (EI) ਜ਼ਰੂਰ ਕੱਟਣੀ ਚਾਹੀਦੀ ਹੈ। ਜੇ ਤੁਸੀਂ 7 ਦਿਨਾਂ ਤੋਂ ਘੱਟ ਲਈ ਕੰਮ ਕੀਤਾ ਹੈ, ਤੁਹਾਡੇ ਮਾਲਕ ਨੂੰ ਤੁਹਾਡੇ ਸਿਨ (SIN) ਦੀ ਜ਼ਰੂਰਤ ਨਹੀਂ ਹੁੰਦੀ। ਇਹ ਕੇਵਲ ਖੇਤ ਦੇ ਕੰਮ 'ਤੇ ਲਾਗੂ ਹੁੰਦਾ ਹੈ। ਤੁਹਾਨੂੰ ਟੈਕਸ ਅਦਾ ਨਹੀਂ ਕਰਨੇ ਪੈਂਦੇ ਜੇ ਤੁਸੀਂ ਇੱਕ ਸਾਲ ਵਿੱਚ 10,000 ਡਾਲਰ ਤੋਂ ਘੱਟ ਕਮਾਈ ਕੀਤੀ ਹੈ, ਪਰ ਈ ਆਈ ਅਤੇ ਸੀ ਪੀ ਪੀ ਉਸ ਅਨੁਸਾਰ ਕੱਟਣੀ ਚਾਹੀਦੀ ਹੈ। ਫਿਰ ਵੀ, ਹਾਲੀ ਤੁਹਾਡੇ ਟੈਕਸ ਕੱਟੇ ਗਏ ਹੋ ਸਕਦੇ ਹਨ, ਅਤੇ ਤੁਹਾਨੂੰ ਰੀਫੰਡ ਮਿਲ ਸਕਦਾ ਹੈ ਜਦੋਂ ਤੁਸੀਂ ਸਾਲ ਦੇ ਅੰਤ 'ਤੇ ਆਪਣਾ ਆਮਦਨ ਟੈਕਸ ਦਾਇਰ ਕਰਦੇ ਹੋ। ਬਿਨਾਂ ਧਿਆਨ ਦੇਂਦਿਆਂ ਕਿ ਤੁਸੀਂ ਕਿੰਨੀ ਕਮਾਈ ਕੀਤੀ ਹੈ, ਕਨੇਡੀਅਨ ਕਾਨੂੰਨ ਦੀ ਸ਼ਰਤ ਹੈ ਕਿ ਤੁਸੀਂ ਸਾਰੀਆਂ ਕਮਾਈਆਂ ਦਾ ਮੁਤਾਲਬਾ ਕਰ ਸਕਦੇ ਹੋ ਜਦੋਂ ਤੁਸੀਂ ਆਪਣਾ ਟੈਕਸ ਦਾਇਰ ਕਰਦੇ ਹੋ। ਆਪਣੀ ਆਮਦਨ ਨੂੰ ਸੂਚਿਤ ਕਰਨਾ ਲਾਹੇਵੰਦ ਹੋ ਸਕਦਾ ਹੈ ਕਿਉਂਕਿ ਇਹ ਤੁਹਾਨੂੰ ਸਰਕਾਰ ਦੇ ਪ੍ਰੋਗਰਾਮ ਦੇ ਯੋਗ ਬਣਾ ਸਕਦਾ ਹੈ ਜਿਹੜੇ ਘੱਟ ਆਮਦਨ ਵਾਲੇ ਕਨੇਡੀਅਨਜ਼ ਦੀ ਸਹਾਇਤਾ ਕਰਦੇ ਹਨ। ਵਧੇਰੇ ਜਾਣਕਾਰੀ ਵਾਸਤੇ ਆਪਣੇ ਏਰੀਏ ਦੇ ਕਿਸੇ ਗਰੀਬੀ ਕਾਨੂੰਨ ਵਕੀਲ (poverty law advocate) ਨਾਲ ਸੰਪਰਕ ਕਰੋ। ਪੈਂਟਿਕਟਨ ਵਾਸਤੇ, ਪੈਂਟਿਕਟਨ ਐਂਡ ਏਰੀਆ ਵੁਮੈਨਜ਼ ਸੈਂਟਰ ਨੂੰ 1-866-493-6822 ਨੂੰ ਕਾਲ ਕਰੋ। ਮਾਲਕ ਵੱਲੋਂ ਕੀਤੀਆਂ ਕਟੌਤੀਆਂ ਬਾਰੇ ਵਧੇਰੇ ਜਾਣਕਾਰੀ ਲਈ ਰੈਵੀਨਿਊ ਕਨੇਡਾ ਦੇ ਬਿਜ਼ਨੈਸ ਆਫਿਸ ਨੂੰ 1-800-595-5525 'ਤੇ ਕਾਲ ਕਰੋ।

ਨਿੱਜੀ ਆਮਦਨ ਟੈਕਸ ਪੁੱਛਾਂ-ਗਿੱਛਾਂ ਲਈ 1-800-959-8281 'ਤੇ ਕਾਲ ਕਰੋ ਜੇ ਤੁਸੀਂ ਇਹ ਪਤਾ ਕਰਨਾ ਚਾਹੁੰਦੇ ਹੋ ਕਿ ਕੀ ਤੁਹਾਨੂੰ ਟੈਕਸ ਅਦਾ ਕਰਨ ਦੀ ਜ਼ਰੂਰਤ ਹੈ।